# PUNJABI

*(Second Language)*

***Maximum Marks : 80***

***Time Allowed : Three Hours***

***Answers to this Paper must be written on the paper provided separately.***

*You will **not** be allowed to write during the first **15** minutes.*

*This time is to be spent in reading the question paper.*

***The time given at the head of this Paper is the time allowed for writing the answers.***

*This paper comprises of two Sections : **Section A** and **Section B.***

*Attempt **all** the questions from **Section A.***

*Attempt **four** questions from **Section B**, answering at least **one** question each from **two** books you have studied and **any two** other questions from the same books you have compulsorily chosen.*

*The intended marks for questions or parts of questions are given in brackets [ ].*

## SECTION—A (40 Marks)

*Attempt **all** questions from this Section.*

**Question 1**

Write a short composition in **Punjabi** of approximately **250** words on any **one** of the following topics :— [15]

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਘੱਟੋ-ਘੱਟ **250** ਸ਼ਬਦਾਂ ਦਾ ਲੇਖ **ਪੰਜਾਬੀ** ਵਿੱਚ ਲਿਖੋ :—

(i) ਛੋਟੀਆਂ- ਛੋਟੀਆਂ ਬੱਚਤਾਂ ਸਾਡੀ ਜ਼ਿੰਦਗੀ ਨੂੰ ਖੁਸ਼ਹਾਲ ਬਣਾ ਦਿੰਦੀਆਂ ਹਨ। ਅਜਿਹੀਆਂ ਆਮ ਬੱਚਤਾਂ (ਬਿਜਲੀ, ਪਾਣੀ, ਪੈਸੇ ਆਦਿ) ਬਾਰੇ ਲਿਖੋ, ਜਿਹੜੀਆਂ ਸਾਨੂੰ ਕਰਨੀਆਂ ਚਾਹੀਦੀਆਂ ਹਨ।

(ii) ਭਾਰਤ ਵਿੱਚ ਅਨੇਕਾਂ ਤਿਉਹਾਰ ਮਨਾਏ ਜਾਂਦੇ ਹਨ, ਕਿਸੇ ਇੱਕ ਤਿਉਹਾਰ ਬਾਰੇ ਲਿਖੋ ਜਿਹੜਾ ਤੁਹਾਨੂੰ ਸਭ ਤੋਂ ਵੱਧ ਪਸੰਦ ਹੈ।

(iii) ਆਧੁਨਿਕ ਯੁੱਗ ਤਕਨੀਕ (ਟੈਕਨਾਲੋਜੀ) ਦਾ ਯੁੱਗ ਹੈ। ਤਕਨੀਕ ਦੀ ਵਰਤੋਂ ਦੇ ਦੋ ਫਾਇਦੇ ਅਤੇ ਦੋ ਨੁਕਸਾਨ ਦੱਸਦੇ ਹੋਏ ਲੇਖ ਲਿਖੋ।

(iv) 'ਮਨੁੱਖ ਦੀ ਸੇਵਾ ਰੱਬ ਦੀ ਸੇਵਾ ਹੈ' ਇਸ ਨਾਲ ਸਬੰਧਿਤ ਵਿਚਾਰ, ਘਟਨਾ ਜਾਂ ਮੌਲਿਕ ਕਹਾਣੀ ਲਿਖੋ।

**This Paper consists of 11 printed pages and 1 blank page.**



*© Copyright reserved*

www.careerindia.com

CAREERINDIA

(v) ਹੇਠ ਦਿੱਤੀ ਤਸਵੀਰ ਨੂੰ ਦੇਖ ਕੇ ਤੁਹਾਡੇ ਮਨ ਵਿੱਚ ਜੋ ਵਿਚਾਰ ਜਾਂ ਖ਼ਿਆਲ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਕਿਸੇ ਘਟਨਾ ਮੌਲਿਕ ਕਹਾਣੀ ਜਾਂ ਲੇਖ ਰਾਹੀ ਪੇਸ਼ ਕਰੋ।



**Question 2**

Write a letter in **Punjabi** in approximately **120** words on any **one** of the topics given below :— [7]

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਤੇ ਘੱਟੋ-ਘੱਟ **120** ਸ਼ਬਦਾਂ ਦੀ ਕੋਈ ਇੱਕ ਚਿੱਠੀ/ਪੱਤਰ **ਪੰਜਾਬੀ** ਵਿੱਚ ਲਿਖੋ :—

(i) ਤੁਹਾਡੇ ਇਲਾਕੇ ਦੀ ਡਿਸਪੈਂਸਰੀ ਵਿੱਚ ਲੰਮੇ ਸਮੇਂ ਤੋਂ ਕੋਈ ਡਾਕਟਰ ਨਹੀਂ, ਜਿਸ ਕਾਰਨ ਲੋਕ ਬਹੁਤ ਪ੍ਰੇਸ਼ਾਨ ਹਨ ਇਸ ਲਈ ਜ਼ਿਲਾ ਚੀਫ ਮੈਡੀਕਲ ਅਫ਼ਸਰ ਨੂੰ ਛੇਤੀ ਤੋਂ ਛੇਤੀ ਡਾਕਟਰ ਭੇਜਣ ਲਈ ਬੇਨਤੀ ਕਰੋ।

**ਜਾਂ**

(ii) ਤੁਹਾਡਾ ਮਿੱਤਰ/ਸਹੇਲੀ ਦਸਵੀਂ ਦੀ ਪ੍ਰੀਖਿਆ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋ ਗਿਆ/ਹੋ ਗਈ ਹੈ। ਉਸਨੂੰ ਇਕ ਵਧਾਈ ਪੱਤਰ ਲਿਖੋ ਅਤੇ ਅਗਲੇਰੀ ਪੜ੍ਹਾਈ ਲਈ ਸੁਝਾਅ ਵੀ ਦਿਓ।

www.careerindia.com

CAREERINDIA

**Question 3**

Read the passage given below and answer in **Punjabi**, the questions that follow, using your own words as far as possible :—

ਹੇਠ ਲਿਖੇ ਪੈਰ੍ਹੇ ਨੂੰ ਪੜ੍ਹੋ ਅਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ। ਜਿਥੋਂ ਤੱਕ ਹੋ ਸਕੇ ਆਪਣੇ ਸ਼ਬਦਾਂ ਦੀ ਵਰਤੋਂ ਕਰੋ :—

ਇਹ ਇੱਕ ਅਟੱਲ ਸਚਾਈ ਹੈ ਕਿ ਮਨੁੱਖ ਆਦਤਾਂ ਦਾ ਗੁਲਾਮ ਹੈ। ਆਦਤਾਂ ਪਾਉਣੀਆਂ ਤਾਂ ਬਹੁਤ ਸੌਖੀਆਂ ਹੁੰਦੀਆਂ ਹਨ ਪਰ ਛੱਡਣੀਆਂ ਬਹੁਤ ਔਖੀਆਂ। ਖਾਸ ਕਰਕੇ ਚੰਗੀ ਆਦਤ ਪਾਉਣੀ ਔਖੀ ਹੁੰਦੀ ਹੈ ਤੇ ਭੈੜੀ ਆਦਤ ਛੱਡਣੀ ਔਖੀ ਹੁੰਦੀ ਹੈ। ਆਦਤਾਂ ਬੂਟਿਆਂ ਦੀ ਤਰ੍ਹਾਂ ਹੁੰਦੀਆਂ ਹਨ ਜਿਵੇਂ ਛੋਟੀ ਉਮਰ ਦੇ ਬੂਟੇ ਨੂੰ ਪੁੱਟਣਾ ਸੌਖਾ ਹੁੰਦਾ ਹੈ ਜਦੋਂ ਬੂਟਾ ਜੜ੍ਹ ਫੜ ਲਵੇ ਫਿਰ ਉਸਨੂੰ ਪੁੱਟਣਾ ਬਹੁਤ ਮੁਸ਼ਕਿਲ ਹੁੰਦਾ ਹੈ।

ਕਈ ਆਦਤਾਂ ਮਨੁੱਖ ਨੂੰ ਜਨਮ ਤੋਂ ਹੀ ਸੁਭਾਵਿਕ ਰੂਪ ਵਿੱਚ ਮਿਲਦੀਆਂ ਹਨ ਜਿਵੇਂ ਖਾਣ, ਪੀਣ ਤੇ ਸੌਣ ਦੀਆਂ ਆਦਤਾਂ। ਕੁੱਝ ਆਦਤਾਂ ਮਨੁੱਖ ਆਪਣੇ ਚੌਗਿਰਦੇ ਤੋਂ ਸਿੱਖਦਾ ਹੈ। ਕੁਝ ਆਦਤਾਂ ਮਨੁੱਖ ਦੂਜਿਆਂ ਦੀ ਸੰਗਤ ਤੋਂ ਸਿੱਖਦਾ ਹੈ। ਉਨ੍ਹਾਂ ਵਿੱਚੋਂ ਕਈ ਉਸਦੇ ਵਿਵਹਾਰ ਦਾ ਹਿੱਸਾ ਬਣ ਜਾਂਦੀਆਂ ਹਨ। ਫਿਰ ਉਹ ਆਦਤਾਂ ਆਪਣਾ ਚੰਗਾ ਮੰਦਾ ਪ੍ਰਭਾਵ ਦਿਖਾਉਂਦੀਆਂ ਹਨ।

ਮਨੁੱਖੀ ਆਚਰਣ ਆਦਤਾਂ ਦਾ ਸਮੂਹ ਹੈ। ਜਿਸ ਆਦਮੀ ਨੇ ਚੰਗੀਆਂ ਆਦਤਾਂ ਸਿੱਖੀਆਂ ਹੋਣਗੀਆਂ ਉਸਦਾ ਆਚਰਣ ਉੱਚਾ-ਸੁੱਚਾ ਬਣ ਜਾਂਦਾ ਹੈ। ਜਿਸਨੇ ਮੰਦੀਆਂ ਆਦਤਾਂ ਸਿੱਖੀਆਂ ਹਨ ਉਸ ਦਾ ਆਚਰਣ ਨੀਵਾਂ ਬਣ ਜਾਂਦਾ ਹੈ। ਨੀਵੇਂ ਆਚਰਣ ਵਾਲੇ ਨੂੰ ਸਮਾਜ ਵਿੱਚ ਚੰਗਾ ਨਹੀਂ ਸਮਝਿਆ ਜਾਂਦਾ। ਜੇਕਰ ਉਹ ਚਾਹੇ ਤਾਂ ਦ੍ਰਿੜ ਇਰਾਦੇ ਤੇ ਚੰਗੇ ਲੋਕਾਂ ਦੀ ਸੰਗਤ ਨਾਲ ਆਪਣੇ ਆਚਰਣ ਵਿੱਚ ਤਬਦੀਲੀ ਲਿਆ ਸਕਦਾ ਹੈ ਤੇ ਚੰਗਾ ਨਾਗਰਿਕ ਬਣ ਸਕਦਾ ਹੈ।

ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(i) ਮਨੁੱਖ ਆਦਤਾਂ ਦਾ ਗੁਲਾਮ ਕਿਵੇਂ ਬਣ ਜਾਂਦਾ ਹੈ ? [2]

(ii) ਆਦਤਾਂ ਦੀ ਤੁਲਨਾ ਬੂਟਿਆਂ ਨਾਲ ਕਿਉਂ ਕੀਤੀ ਗਈ ਹੈ ? [2]

(iii) ਸੁਭਾਵਿਕ ਤੌਰ ਤੇ ਕਿਹੜੀਆਂ ਆਦਤਾਂ ਹੁੰਦੀਆਂ ਹਨ ? [2]

(iv) ਮਨੁੱਖੀ ਆਚਰਣ ਉੱਚਾ ਜਾਂ ਨੀਵਾਂ ਕਿਵੇਂ ਬਣਦਾ ਹੈ ? [2]

(v) ਸ਼ਬਦਾਂ ਦੇ ਅਰਥ ਲਿਖੋ :

ਵਿਵਹਾਰ, ਚੌਗਿਰਦੇ, ਦ੍ਰਿੜ ਇਰਾਦੇ, ਤਬਦੀਲੀ। [2]

www.careerindia.com

CAREERINDIA

**Question 4**

Answer the following according to the instructions given below :— [8]

ਹੇਠ ਦਿੱਤੇ ਨਿਰਦੇਸ਼ਾਂ ਅਨੁਸਾਰ ਉੱਤਰ ਦਿਉ :—

(i) Choose the correct meaning of the following idioms :—

ਮੁਹਾਵਰਿਆਂ ਦੇ ਸਹੀ ਅਰਥ ਚੁਣੋ :

(1) ਦੋ ਹੱਥ ਕਰਨੇ

(a) ਏਕਾ ਹੋਣਾ

(b) ਦੌੜ ਜਾਣਾ

(c) ਲੜਾਈ ਕਰਨੀ

(d) ਗੁੱਸਾ ਕਰਨਾ

(2) ਉੱਨੀ-ਇੱਕੀ ਦਾ ਫ਼ਰਕ

(a) ਬਹੁਤ ਜ਼ਿਆਦਾ ਫ਼ਰਕ

(b) ਮਾਮੂਲੀ ਜਿਹਾ ਫ਼ਰਕ

(c) ਪਿਆਰ ਕਰਨਾ

(d) ਮਤਲਬ ਕੱਢਣਾ

(3) ਕੱਚਾ ਕਰਨਾ

(a) ਸ਼ਰਮਿੰਦਾ ਕਰਨਾ

(b) ਗਰੀਬ ਹੋਣਾ

(c) ਲਾਈ ਲੱਗ ਹੋਣਾ

(d) ਕੋਈ ਕੰਮ ਨਾ ਕਰਨਾ

(4) ਦਿਨ ਰਾਤ ਇੱਕ ਕਰਨਾ

(a) ਮਿਹਨਤ ਕਰਨੀ

(b) ਹਿੰਮਤ ਕਰਨੀ

(c) ਨਫ਼ਰਤ ਕਰਨੀ

(d) ਕੰਮ ਨਾ ਕਰਨਾ

www.careerindia.com

CAREERINDIA

(ii) Choose the right option :

ਸਹੀ ਉੱਤਰ ਚੁਣੋ :—

(1) ਸੀਤਾ ਦਿੱਲੀ ਜਾ ਰਹੀ ਹੈ।

(a) ਭੂਤਕਾਲ

(b) ਭਵਿੱਖਤ ਕਾਲ

(c) ਵਰਤਮਾਨ ਕਾਲ

(d) ਅਪੂਰਨ ਭੂਤਕਾਲ

(2) ਰੱਬ ਵਿੱਚ ਵਿਸ਼ਵਾਸ ਨਾ ਰੱਖਣ ਵਾਲਾ :

(a) ਅਕ੍ਰਿਤਘਣ

(b) ਮਸਤ

(c) ਆਸਤਕ

(d) ਨਾਸਤਕ

(3) ਦੇਸੀ ਦਵਾਈ ਦੇਣ ਵਾਲਾ :

(a) ਡਾਕਟਰ

(b) ਸਾਧੂ

(c) ਵੈਦ

(d) ਪੰਡਤ

(4) 'ਆਲਸੀ' ਦਾ ਵਿਰੋਧੀ ਸ਼ਬਦ _______ ਹੈ।

(a) ਨੀਵਾ

(b) ਉੱਦਮੀ

(c) ਨਿਕੰਮਾ

(d) ਅਣਥੱਕ

www.careerindia.com

CAREERINDIA

## SECTION—B (40 Marks)

*Questions from only **two** of the following textbooks are to be answered.*

*Attempt **four** questions from this Section.*

*You must answer at least **one** question from each of the **two** books, you have studied and any **two** other questions from the same books that you have chosen.*

**ਕਥਾ-ਸੰਵੇਦਨਾ**

**KATHA-SAMVEDNA**

**Question 5**

Read the extract given below and answer in **Punjabi** the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਗਿੱਧਾ ਮੱਠਾ ਪੈਂਦਾ-ਪੈਂਦਾ ਬੰਦ ਹੋ ਗਿਆ – ਕੋਈ ਮੇਲਣ ਬੋਲੀ ਪਾਣ ਲੱਗੀ ਸੀ। ਬੋਲੀ ਦੇ ਤੋੜੇ ਨਾਲ ਗਿੱਧੇ ਦੀ ਧਮਕਾਰ ਫੇਰ ਪੈਣ ਲੱਗ ਪਈ। ਪਰ ਹੁਣ ਮੁਨੋਂ ਦੀ ਅੱਡੀ ਦਾ ਤਾਲ ਥਿੜਕਣ ਲਗ ਪਿਆ ਸੀ; ਸਾਰੇ ਅੰਗ ਜਿਵੇਂ ਸਿਲ-ਪੱਥਰ ਹੁੰਦੇ ਜਾਂਦੇ ਸਨ;

**ਸੱਗੀ ਫੁੱਲ — ਗੁਰਦਿਆਲ ਸਿੰਘ**

**Saggi Phul — Gurdial Singh**

(i) ਗਿੱਧਾ ਕਿੱਥੇ ਪੈ ਰਿਹਾ ਸੀ ਅਤੇ ਕਿਉਂ ? [2]

(ii) ਗੱਭਰੂ ਮੁੰਡੇ ਉੱਥੇ ਕੀ ਕਰ ਰਹੇ ਸਨ ? [2]

(iii) ਮੁਨੋਂ ਦੀ ਅੱਡੀ ਦਾ ਤਾਲ ਕਿਉਂ ਥਿੜਕਣ ਲੱਗ ਪਿਆ ? [3]

(iv) ਮੁਨੋਂ ਦਾ ਪਾਤਰ ਚਿਤਰਨ ਕਰੋ। [3]

**Question 6**

Read the extract given below and answer in **Punjabi** the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਉੱਤੋ ਛੱਤ ਨੂੰ ਹੱਥ ਪਾ ਲਓ", ਤੇ ਦੂਜੀਆਂ ਸਵਾਰੀਆਂ ਨੂੰ ਹਾਸੇ ਵਿੱਚ ਪਾਣ ਲਈ ਉਹਨਾਂ ਆਖਿਆ ।

"ਇਹ ਸਰਦਾਰ ਜੀ ਕੋਈ ਤਮਾਸ਼ਾ ਵਿਖਾਣ ਲੱਗੇ ਹਨ – ਜ਼ਰਾ ਸੰਭਲ ਜਾਓ – ਮਤੇ ਇਹਨਾਂ ਹੇਠ ਕੋਈ ਬੰਦਾ ਪੀਸਿਆ ਜਾਏ।"

**ਪਹੁਤਾ ਪਾਂਧੀ — ਗੁਰਬਖ਼ਸ਼ ਸਿੰਘ 'ਪ੍ਰੀਤਲੜੀ'**

**Pahuta Pandhi — Gurbax Singh 'Preetlari'**

(i) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ? [2]

(ii) ਵਾਰਤਾਲਾਪ ਕਰਨ ਵਾਲਾ ਅਜਿਹਾ ਕਿਉਂ ਕਹਿ ਰਿਹਾ ਹੈ ? [2]

(iii) ਵਾਰਤਾਲਾਪ ਕਰਨ ਵਾਲੇ ਪਾਤਰ ਦੇ ਸੁਭਾਅ ਬਾਰੇ ਲਿਖੋ। [3]

(iv) ਕਹਾਣੀ ਵਿੱਚ ਰੇਲ ਗੱਡੀ ਕਿਸ ਦਾ ਪ੍ਰਤੀਕ (Symbol) ਹੈ ? [3]

www.careerindia.com

CAREERINDIA

**Question 7**

Read the extract given below and answer in **Punjabi** the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਇਹ ਮਝੈਲ ਕਿਸ ਤਰ੍ਹਾਂ ਦੇ ਆਦਮੀ ਨੇ।" ਮਾਨ ਸਿੰਘ ਹੈਰਾਨ ਹੋ ਰਿਹਾ ਸੀ। ਆਪਣੇ ਵਿੱਚ ਉਹ ਬੜਾ ਤੰਗ ਸੀ। ਪਰ ਹੁਣ ਇਹ ਘਰ ਆ ਕੇ ਵਾਪਸ ਥੋੜਾ ਜਾ ਸਕਦਾ ਸੀ। "ਚਲੋ ਇੱਕ ਰਾਤ ਰਹਿ ਕੇ ਮੁੜ ਚੱਲਾਗੇ।" ਉਸ ਫੈਸਲਾ ਕੀਤਾ।

**ਧਰਤੀ ਹੇਠਲਾ ਬੌਲਦ — ਕੁਲਵੰਤ ਸਿੰਘ ਵਿਰਕ**

**Dharti Hethla Boldh — Kulwant Singh Virk**

(i) ਮਾਨ ਸਿੰਘ ਇੱਥੇ ਕਿਉਂ ਆਇਆ ਸੀ ? [2]

(ii) ਕੌਣ ਤੰਗੀ ਮਹਿਸੂਸ ਕਰ ਰਿਹਾ ਸੀ ਤੇ ਕਿਉਂ ? [2]

(iii) ਡਾਕੀਏ ਦੇ ਆਉਣ ਤੇ ਮਾਨ ਸਿੰਘ ਨੂੰ ਕੀ ਪਤਾ ਲੱਗਿਆ ? [3]

(iv) "ਇਹ ਮਝੈਲ ਕਿਸ ਤਰ੍ਹਾਂ ਦੇ ਆਦਮੀ ਨੇ।" ਕਹਿਣ ਵਾਲੇ ਦਾ ਕੀ ਭਾਵ ਹੈ ? [3]

## ਕਾਵਿ-ਸੰਵੇਦਨਾ
## KAV-SAMVEDNA

www.careerindia.com

**Question 8**

Read the extract given below and answer in **Punjabi**, the questions that follow **:—**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਹੋ! ਅਜੇ ਸੰਭਾਲ ਇਸ 'ਸਮੇਂ ਨੂੰ'
ਕਰ ਸਫ਼ਲ ਉਡੰਦਾ ਜਾਂਵਦਾ,
ਇਹ ਠਹਿਰਨ ਜਾਚ ਨਾ ਜਾਣਦਾ
ਲੰਘ ਗਿਆ ਨਾ ਮੁੜਕੇ ਆਂਵਦਾ।"

**ਸਮਾਂ — ਭਾਈ ਵੀਰ ਸਿੰਘ**

**Sama — Bhai Veer Singh**

(i) ਕਿਸ ਚੀਜ਼ ਦੀ ਸੰਭਾਲ ਬਾਰੇ ਕਿਹਾ ਗਿਆ ਹੈ ? [2]

(ii) 'ਲੰਘ ਗਿਆ ਨਾ ਮੁੜ ਕੇ ਆਂਵਦਾ' ਤੋਂ ਕੀ ਭਾਵ ਹੈ ? [2]

(iii) ਕੌਣ ਠਹਿਰਨ ਦੀ ਜਾਚ ਨਹੀਂ ਜਾਣਦਾ ਅਤੇ ਕਿਵੇਂ ? [3]

(iv) ਇਸ ਕਵਿਤਾ ਰਾਹੀਂ ਕਵੀ ਨੇ ਕੀ ਸਿੱਖਿਆ ਦਿੱਤੀ ਹੈ ? [3]

CAREERINDIA

**Question 9**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ।
ਫ਼ੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ
ਆਖੋ ਇਹਨਾਂ ਨੂੰ ਉਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਏਥੇ ਖੜ੍ਹੇ ਰਹਿਣਗੇ।"

**ਹਨੇਰਾ ਜਰੇਗਾ ਕਿਵੇਂ — ਸੁਰਜੀਤ ਪਾਤਰ**

**Hanera Jarega Kiven — Surjit Patar**

(i) ਉਪਰੋਕਤ ਸਤਰਾਂ ਵਿੱਚ ਕਵੀ ਕਿਸ ਵਿਸ਼ੇ 'ਤੇ ਵਿਅੰਗ ਕਰ ਕਿਹਾ ਹੈ ? [2]

(ii) ਕਵੀ ਅਨੁਸਾਰ ਲੋਕਾਂ ਨੂੰ ਨਿਆਂ ਕਿਉਂ ਨਹੀਂ ਮਿਲਦਾ ? [2]

(iii) ਕਵੀ ਵਿਦੇਸ਼ ਗਏ ਲੋਕਾਂ ਬਾਰੇ ਕੀ ਕਹਿੰਦਾ ਹੈ ? [3]

(iv) ਕਬਰ 'ਤੇ ਦੀਵਾ ਜਗਾਉਣ ਬਾਰੇ ਕਵੀ ਕੀ ਕਹਿੰਦਾ ਹੈ ? [3]

**Question 10**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਸਾਡੇ ਵਿਹੜੇ ਮਰੀ ਕਹਾਣੀ
ਇੱਕ ਸੀ ਰਾਜਾ ਇੱਕ ਸੀ ਰਾਣੀ
ਕਦੀ ਕਦੀ ਮੇਰੀ ਮਾਂ ਆਖੇ....."

**ਮੇਰਾ ਬਚਪਨ — ਹਰਭਜਨ ਸਿੰਘ**

**Mera Bachpan — Harbhajan Singh**

(i) ਕਵੀ ਦਾ ਬਚਪਨ ਕਿਵੇਂ ਬੀਤਿਆ ? [2]

(ii) ਕਵੀ ਦੇ ਵਿਹੜੇ ਵਿੱਚੋਂ ਕਿਹੜੀ ਕਹਾਣੀ ਮਰ ਗਈ ਸੀ ਤੇ ਕਿਉਂ ? [2]

(iii) ਕਵੀ ਦੀ ਮਾਂ ਕਵੀ ਨੂੰ ਕੀ ਆਖਦੀ ਸੀ ? [3]

(iv) ਕਵੀ ਦੀ ਮਾਂ ਦਾ ਪਰਛਾਵਾਂ ਕੌਣ ਸੀ ? [3]

www.careerindia.com

CAREERINDIA

## ਪਤਾਲ ਦੇ ਗਿੱਠਮੁਠੀਏ — ਜਸਬੀਰ ਭੁੱਲਰ

## PATAAL DE GITHMUTHIYE — JASBIR BHULLAR

### Question 11

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਪਿੰਡ ਵਾਲਿਆਂ ਨੇ ਸ਼ਾਮਲਾਟ ਵਿੱਚ ਇੱਕ ਖੂਹ ਪੁੱਟਣ ਦਾ ਫ਼ੈਸਲਾ ਕਰ ਲਿਆ।"

(i) ਖੂਹ ਕਿਉਂ ਪੁੱਟਿਆ ਗਿਆ ? [2]

(ii) ਸ਼ਾਮਲਾਟ ਤੋਂ ਕੀ ਭਾਵ ਹੈ ? [2]

(iii) ਪਿੰਡ ਦੇ ਨੇੜੇ ਲੰਘਦੀ ਨਹਿਰ ਦਾ ਪਾਣੀ ਕਿਹੋ-ਜਿਹਾ ਸੀ ? [3]

(iv) ਖੂਹ ਦੀ ਖੁਦਾਈ ਕਰਨ ਤੋਂ ਪਹਿਲਾਂ ਕੀ ਕੀਤਾ ਗਿਆ ? [3]

### Question 12

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਉਸ ਬੁੱਲ੍ਹ ਅਟੇਰੇ ਤੇ ਮੁੜ ਬੋਲਿਆ, "ਸ਼ਕਤੀ ਸੈਨਾਪਤੀ ਦੇ ਮੱਥੇ ਨੂੰ ਚੱੜ੍ਹ ਗਈ ਹੈ। ਦਰਅਸਲ ਉਹ ਆਪਣੇ ਅਹੁਦੇ ਦੇ ਯੋਗ ਨਹੀਂ। ਉਸ ਨੇ ਹਮੇਸ਼ਾ ਰਾਜ-ਕਾਜ ਦੇ ਕੰਮਾਂ ਵਿੱਚ ਕੁਤਾਹੀ ਵਰਤੀ ਹੈ। ਉਸ ਨੇ ਚੋਰੀ ਛਿੱਪੇ ਗਿੱਠਮੁਠੀਆਂ ਦਾ ਕੱਦ ਵਧਾਉਣ ਦੀ ਵੀ ਪ੍ਰੋੜਤਾ ਕੀਤੀ ਹੈ।"

(i) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ? [2]

(ii) ਇਹ ਸ਼ਬਦ ਕਿਸ ਬਾਰੇ ਤੇ ਕਿਉਂ ਬੋਲੇ ਗਏ ਹਨ ? [2]

(iii) ਇਸ ਤੋਂ ਪਹਿਲਾਂ ਕਿਹੜੀ ਘਟਨਾ ਵਾਪਰੀ ਸੀ ? [3]

(iv) ਇਹਨਾਂ ਗੱਲਾਂ ਦਾ ਰਾਜੇ ਮਾਂਝਣੂ ਨੇ ਕੀ ਜਵਾਬ ਦਿੱਤਾ ? [3]

www.careerindia.com

CAREERINDIA

**Question 13**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

'ਉਏ! ਤੂੰ! ............ ਤੇਰੇ ਤਾਂ ਯਾਰ ਖੰਭ ਉਗ ਆਏ ਨੇ।' ਨਿੱਕੂ ਤਾੜੀ ਮਾਰ ਕੇ ਹੱਸਿਆ, 'ਇਹ ਤਾਂ ਕਮਾਲ ਹੋ ਗਿਆ।'

'ਹਾਂ, ਇਹ ਤਾਂ ਕਮਾਲ ਹੋ ਗਿਆ।'

ਨਿੱਕੂ ਗੰਭੀਰ ਹੁੰਦਿਆਂ ਬੋਲਿਆ, 'ਜਦੋਂ ਤੇਰੇ ਮਾਂ-ਪਿਓ ਵਿਛੜੇ ਸਨ ਤਾਂ ਤੂੰ ਬਿਲਕੁਲ ਵੱਡਿਆਂ ਵਾਂਗ ਹੋ ਗਿਆ ਸੈਂ।

(i) ਇਹ ਸ਼ਬਦ ਨਿੱਕੂ ਕਿਸ ਨੂੰ ਕਹਿ ਰਿਹਾ ਹੈ ? [2]

(ii) ਨਿੱਕੂ ਅਤੇ ਇਮ੍ਰ ਦਾ ਆਪਸ ਵਿੱਚ ਕੀ ਰਿਸ਼ਤਾ ਹੈ ? [2]

(iii) ਇਮ੍ਰ ਦੇ ਖੰਭ ਮੁੜ ਕਿਉਂ ਉਗ ਗਏ ਸਨ ? [3]

(iv) ਨਿੱਕੂ ਦਾ ਪਾਤਰ ਚਿਤਰਨ ਕਰੋ। [3]

## ਮੰਚ-ਮਹਿਕ

## MANCH MEHAK

**Question 14**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਕਰਤਾਰੀ : ਨੀ ਮੂੰਹ ਸੰਭਾਲ ਕੇ ਗੱਲ ਕਰੀਂ। ਆਪਣੀ ਇੱਜ਼ਤ ਆਪਣੇ ਹੱਥ ਹੁੰਦੀ ਐ।

ਸੰਤੀ : ਨੀ ਇਹ ਗੱਲ ਤੂੰ ਵੀ ਬਚਾਰ ਲੈ। ਊ ਵੇ ਬਣੀ ਫਿਰਦੀ ਐਂ। ਸਮਾਈ ਕਰ ਸਮਾਈ।

ਕਰਤਾਰੀ : ਨੀ ਤੂੰ ਆਪਣੀ ਚਮੜੀ 'ਚ ਰਹਿ

ਸੰਤੀ : ਤੂੰ ਆਪਣਾ ਅੱਗਾ ਬਚਾਰ ਫੇਰ ਨਾ ਕਹੀ ਬਈ ...........।

**ਪਰਤ ਆਉਣ ਤੱਕ — ਸਤੀਸ਼ ਵਰਮਾ**

**Parat Auan Tak — Satish Verma**

(i) ਉਪਰੋਕਤ ਵਾਰਤਾਲਾਪ ਕਿਸ ਬਾਰੇ ਵਿੱਚ ਹੋ ਰਹੀ ਹੈ ? [2]

(ii) ਇਨ੍ਹਾਂ ਪਾਤਰਾਂ ਦਾ ਆਪਸ ਵਿੱਚ ਕੀ ਰਿਸ਼ਤਾ ਹੈ ? [2]

(iii) ਘਰ ਦੇ ਦੋ ਟੋਟੇ ਕਿਸ ਕਰਕੇ ਹੋਏ ਸਨ ? ਇਸ ਦੌਰਾਨ ਸੱਜਣ ਅਤੇ ਸੁੰਦਰ ਦੀ ਕੀ ਭੂਮਿਕਾ ਰਹੀ ? [3]

(iv) ਬਾਪੂ ਜੀ ਕਿਉਂ ਦੁਖੀ ਹਨ ਅਤੇ ਉਹ ਕਿੱਥੇ ਰਹਿੰਦੇ ਹਨ ? [3]

www.careerindia.com

CAREERINDIA

**Question 15**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਬਿਮਲਾ 'ਐਦਾਂ ਈ ਕਹਿੰਦੇ ਹੁੰਦੇ ਨੇ। ਘਿਉ ਵਿੱਚ ਤਾਂ ਭਲਾ ਬਨਾਸਪਤੀ ਮਿਲਾਂਦੇ ਹੀ ਹੋਣ ਸਹੀ, ਗ਼ਰਕ ਜਾਣੇ ਮੱਖਣ ਵੀ ਬਨਾਸਪਤੀ ਦਾ ਬਣਾਣ ਲੱਗ ਪਏ ਨੇ।"

**ਦੁਸ਼ਮਣ — ਗੁਰਚਰਨ ਸਿੰਘ ਜਸੂਜਾ**

**Dushman — Gurcharan Singh Jasuja**

(i) ਬਿਮਲਾ ਕੌਣ ਹੈ ਤੇ ਇਸ ਵੇਲੇ ਉਹ ਕਿੱਥੇ ਹੈ ? [2]

(ii) ਬਿਮਲਾ ਘਿਓ ਦੀ ਖ਼ੁਸ਼ਬੂ ਬਾਰੇ ਕੀ ਦੱਸਦੀ ਹੈ ? [2]

(iii) ਰਘੁਨਾਥ ਉਸ ਦੀਆਂ ਗੱਲਾਂ ਦਾ ਕੀ ਜੁਆਬ ਦਿੰਦਾ ਹੈ ? [3]

(iv) ਬਿਮਲਾ ਰਘੁਨਾਥ ਨੂੰ ਕੀ ਉਲਾਂਭਾ ਦਿੰਦੀ ਹੈ ? [3]

**Question 16**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਨਿੱਕੀ : ਪੜ੍ਹਦੇ ਰਹਿਣਾ ਹੈ ਖੇਡਣਾ ਨਹੀਂ ਹੈ..... ਟੀ.ਵੀ. ਨਹੀਂ ਵੇਖਣਾ ਹੈ..... ਹੋਮ ਵਰਕ ਕਰਨਾ ਹੈ ਯੇ ਨਹੀਂ ਕਰਨਾ ਹੈ, ਵੋਹ ਨਹੀਂ ਕਰਨਾ ਹੁੰ ਇਹ ਵੀ ਕੋਈ ਜ਼ਿੰਦਗੀ ਹੈ ਸਾਰਾ ਦਿਨ ਪੜ੍ਹਦੇ ਰਹਿਣਾ, ਪੜ੍ਹਦੇ ਹੀ ਰਹਿਣਾ। ਇਸ ਤੋਂ ਤਾਂ ਬੰਦਾ ਅਨਪੜ੍ਹ ਹੀ ਚੰਗਾ.... (ਅਚਾਨਕ ਕੁਝ ਯਾਦ ਆਉਂਦਾ ਹੈ) ਹਾਏ ਰੱਬਾ। ਗੈਸ ਚਲਦੀ ਪਈ ਹੈ...."

**ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ — ਪਾਲੀ ਭੁਪਿੰਦਰ**

**Phullan Nu Kitaban Vich Na Rakho — Pali Bhupinder**

(i) ਨਿੱਕੀ ਅਜਿਹੇ ਸ਼ਬਦ ਕਿਉਂ ਬੋਲਦੀ ਹੈ ? [2]

(ii) ਮੰਮੀ, ਪਾਪਾ ਤੇ ਵਿੱਕੀ ਕਿੱਥੇ ਗਏ ਹੋਏ ਹਨ ? [2]

(iii) ਇਕਾਂਗੀ ਵਿੱਚ ਲੇਖਕ ਨੇ ਕੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ? [3]

(iv) ਇਸ ਇਕਾਂਗੀ ਦਾ ਸਿਰਲੇਖ ਢੁੱਕਵਾਂ ਹੈ ਜਾਂ ਨਹੀਂ ? [3]

www.careerindia.com